# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 24 ਦਸੰਬਰ 2024 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਦੀ ਵਿਦਿਆਰਥਣ ਦੀ ਬੇ-ਮਿਸਾਲ ਉਪਲਬਧੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 24 ਦਸੰਬਰ : ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਦੀ ਇੱਕ ਹੋਰ ਸ਼ਾਨਦਾਰ ਪ੍ਰਾਪਤੀ ਤਹਿਤ ਰਵਰੋਜ਼ ਕੌਰ ਬਰਾੜ ਸੱਤਵੀਂ ਜਮਾਤ ਨੇ ''ਸੰਕਲਪ ਟੈਲੇਂਟ ਸਰਚ ਇਮਤਿਹਾਨ'' ਵਿੱਚ ਪਹਿਲਾ ਇਨਾਮ ਜਿੱਤਿਆ ਹੈ, ਜੋ ਕਿ ''ਸੰਕਲਪ ਕੋਟਾ ਕਲਾਸਜ਼'' ਫਰੀਦਕੋਟ ਸ਼ਾਖਾ ਦੁਆਰਾ ਕਰਵਾਇਆ ਗਿਆ ਸੀ, 800 ਸੀ.ਬੀ.ਐੱਸ.ਈ. ਸਕੂਲਾਂ ਦੇ ਵਿਦਿਆਰਥੀਆਂ ਨੇ ਇਸ ਇਮਤਿਹਾਨ ਵਿੱਚ ਹਿੱਸਾ ਲਿਆ, ਜਿਸ ’ਚੋਂ ਸਬੰਧਤ ਵਿਦਿਆਰਥਣ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਚੱਲਦੇ ਉਸਨੇ ਉੱਚੀਆਂ ਜਮਾਤਾਂ ਦੀ ਟ੍ਰੇਨਿੰਗ ਲਈ 60 ਫੀਸਦੀ ਸਕਾਲਰਸ਼ਿਪ ਹਾਸਲ ਕੀਤੀ। ਮੁਸ਼ਕਲ ਮੁਕਾਬਲੇ ਦੇ ਬਾਵਜੂਦ ਆਪਣੀ ਅਸਾਧਾਰਣ ਪ੍ਰਤਿਭਾ ਤੇ ਲਗਨ ਦਿਖਾਉਂਦੇ ਹੋਏ, ਇਸ ਵਿਦਿਆਰਥਣ ਨੇ ਫਰੀਦਕੋਟ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾਇਰੈਕਟਰ ਡਾ. ਐੱਸ.ਐੱਸ. ਬਰਾੜ ਨੇ ਵਿਦਿਆਰਥਣ ਦੀ ਉਪਲਬਧੀ ਲਈ ਆਪਣਾ ਮਾਣ ’ਤੇ ਪ੍ਰਸ਼ੰਸਾ ਜਤਾਈ। ਉਨ੍ਹਾਂ ਕਿਹਾ ਕਿ ''ਮਿਹਨਤ ਅਤੇ ਅਭਿਆਸ ਕਦੇ ਵਿਅਰਥ ਨਹੀਂ ਜਾਂਦੇ।'' ਇਸ ਵਿਦਿਆਰਥਣ ਦੀ ਕਾਮਯਾਬੀ ਸਕੂਲ ਦੇ ਸਮਰਪਣ ਦੀ ਗਵਾਹੀ ਦਿੰਦੀ ਹੈ ਕਿ ਅਸੀਂ ਇਕ ਸਹਾਇਕ ਅਤੇ ਉਤਸ਼ਾਹਿਤ ਨਰਨਿੰਗ ਵਾਤਾਵਰਨ ਪ੍ਰਦਾਨ ਕਰ ਰਹੇ ਹਾਂ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਵਿਦਿਆਰਥਣ ਨੂੰ ਇਸ ਸ਼ਾਨਦਾਰ ਉਪਲਬਧੀ ’ਤੇ ਵਧਾਈ ਦਿੰਦਿਆਂ ਭਵਿੱਖ ਦੀ ਕਾਮਯਾਬੀ ਦੀ ਕਾਮਨਾ ਕੀਤੀ। ਇਹ ਉਲੇਖਣਯੋਗ ਹੈ ਕਿ ਵਿਦਿਆਰਥਣ ਦੇ ਪਿਤਾ ਡਾ. ਗੁਰਮਿੰਦਰ ਸਿੰਘ ਬਰਾੜ, ਜੋ ਕਿ ਖੇਤੀਬਾੜੀ ਅਧਿਕਾਰੀ ਹਨ, ਨੇ ਵੀ ਇਸ ਸੰਸਥਾ ਵਿੱਚ ਪੜ੍ਹਾਈ ਕੀਤੀ ਹੈ।

## ਗੀਤ (ਗਿਆਰਾਂ ਅਠਵੰਜਾ ਨਹੀਂ ਛੱਡਣੀ)

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਸਿੰਘ (ਲਾਡੀ)

1158 ਭਰਤੀ ਸਿਰੇ ਚੜਾ ਕੇ ਹਟਾਂਗੇ
ਅਸੀਂ ਕਾਲਜਾਂ ਦੇ ਵਿੱਚ ਜਾਂ ਕੇ ਹਟਾਂਗੇ
ਚਾਹੇ ਇਸ ਦੀ ਖਾਤਿਰ ਹੁਣ ਮਰਨਾ ਪੈ ਜਾਵੇ
1158 ਨਹੀਂ ਛੱਡਣੀ
ਚਾਹੇ ਸਮੇਂ ਦੀਆਂ ਸਰਕਾਰਾਂ ਦੇ ਨਾਲ ਲੜਨਾ ਪੈ ਜਾਵੇ
1158 ਨਹੀਂ ਛੱਡਣੀ

ਪਹਿਲਾਂ ਵੀ ਖਾ ਲਏ ਸਾਡੇ ਦੋ ਜੁਝਾਰੂ
ਹੁਣ ਤੂੰ ਦੱਸਦੇ ਕਿੰਨਿਆਂ ਨੂੰ ਮਾਰੂ
ਨੀਤੀ ਤੇਰੀ ਮਾੜੀ ਅੱਗੇ ਚਾਹੇ ਹੁਣ ਅੜਨਾਂ ਪੈ ਜਾਵੇ
1158 ਨਹੀਂ ਛੱਡਣੀ
ਚਾਹੇ ਸਮੇਂ ਦੀਆਂ ਸਰਕਾਰਾਂ ਦੇ ਨਾਲ ਲੜਨਾ ਪੈ ਜਾਵੇ 1158 ਨਹੀਂ ਛੱਡਣੀ

ਜੇਲ੍ਹਾਂ ਦੇ ਵਿੱਚ ਤੂੰ ਡੱਕ ਵੇਖਲਾ
ਕਾਲੇ ਪਾਣੀਆਂ ਵੱਲ ਵੀ ਧੱਕ ਵੇਖਲਾ
ਕਾਲ ਕੋਠੜੀਆਂ ਵਿੱਚ ਵੀ ਚਾਹੇ ਹੁਣ ਸੜਨਾ ਪੈ ਜਾਵੇ
1158 ਨਹੀਂ ਛੱਡਣੀ
ਚਾਹੇ ਜ਼ੁਲਮ ਦੀਆਂ ਸਰਕਾਰਾਂ ਦੇ ਨਾਲ ਲੜਨਾ ਪੈ ਜਾਵੇ 1158 ਨਹੀਂ ਛੱਡਣੀ

ਨਹੀਂ ਚੱਲਣ ਦੇਣੀਆਂ ਕੋਝੀਆਂ ਚਾਲਾਂ
ਰੋਸ ਮੁਜ਼ਾਹਰੇ ਧਰਨੇ ਤੇ ਹੜਤਾਲਾਂ
ਆਪਣਾ ਕੇ ਹਰ ਹੱਥਕੰਡਾ ਚਾਹੇ ਅੱਗੇ ਖੜਨਾ ਪੈ ਜਾਵੇ 1158 ਨਹੀਂ ਛੱਡਣੀ
ਚਾਹੇ ਮੌਜੂਦਾ ਸਰਕਾਰਾਂ ਦੇ ਨਾਲ ਲੜਨਾ ਪੈ ਜਾਵੇ
1158 ਨਹੀਂ ਛੱਡਣੀ

ਮਰਨ ਵਰਤ ਲਈ ਤਿਆਰ ਨੇ ਯੋਧੇ
ਹਰ ਦੁੱਖ ਲੈਂਦੇ ਸਹਾਰ ਨੇ ਯੋਧੇ
ਹਰਜਾਨਾ ਕੋਈ ਵੀ ਲਾਡੀ ਚਾਹੇ ਹੁਣ ਭਰਨਾ ਪੈ ਜਾਵੇ
1158 ਨਹੀਂ ਛੱਡਣੀ
ਚਾਹੇ ਵਕ਼ਤ ਦੀਆਂ ਸਰਕਾਰਾਂ ਦੇ ਨਾਲ ਲੜਨਾ ਪੈ ਜਾਵੇ 1158 ਨਹੀਂ ਛੱਡਣੀ

## ਦਿਲ ਦੀਆਂ ਗੱਲਾਂ




ਬੰਦਾ ਭਾਵੇਂ ਕਿੰਨੀ ਅਜ਼ਾਦ ਸੋਚ ਦੇ ਕਿਉਂ ਨਾ ਹੋਵੇ
ਮਜਬੂਰੀਆਂ, ਨਾਗਵਲ਼ ਪਾ ਕੇ, ਜਕੜ ਲੈਂਦੀਆਂ,

ਛੱਡ ਪਰਾਂ ਦੀਪ ਰੱਤੀ ਇੰਨਾਂ ਸਾਰੀਆਂ ਗੱਲਾਂ ਨੂੰ
ਜੇ ਕੋਈ ਨਾ ਸਮਝੇ,ਖੁਦ ਨਿਭਾਉਣੀਆਂ ਪੈਂਦੀਆਂ

ਦੁਨੀਆ ਦੀਆਂ ਗੱਲਾਂ ਛੱਡ, ਐਵੇਂ, ਕਿਉਂ
ਤੂੰ—-ਚੱਕਰਾਂ ਦੇ ਵਿੱਚ ਪਿਆ ਰਹਿੰਦਾ ਏ,

ਸਭ ਤੋ ਪਹਿਲਾਂ——ਤੂੰ—ਖੁਦ ਨੂੰ ਸਵਾਰ
ਜਿਸ ਨੂੰ ਹਰ ਰੋਜ਼, ਸ਼ੀਸ਼ੇ ਵਿੱਚ ਵਹਿੰਦਾ ਐ,

ਸੱਚ ਦੇ ਰਾਹ ਤੇ ਚੱਲਣਾ ਹੁੰਦਾ ਨੀ, ਕਠਿਨ
ਉੱਥੇ ਕਿਹੜਾ—ਬਹੁਤੀਆਂ, ਭੀੜਾਂ ਹੁੰਦੀਆਂ

ਸਾਦਗੀ ਪਸੰਦ ਹੁੰਦੀਆਂ ਨੇ ਪਰੇਸ਼ਾਨੀਆਂ
ਕਹਿੰਦੇ, “ ਖ਼ੁਸ਼ੀਆਂ ਦੇ ਲਈ ਤਾ.........
ਸਾਨੂੰ ਮਹਿਫ਼ਲਾਂ ਸਜਾਉਣੀਆਂ, ਪੈਂਦੀਆਂ

ਹਰਖਾਂ ,ਚ ਆ ਕਿਸੇ ਨੂੰ ਛੱਡਿਆਂ ਨੀ ਜਾਂਦਾ,
ਝੂਠੀਆਂ ਸੱਚੀਆਂ ਗੱਲਾਂ ਸਹਿਣੀਆਂ ਪੈਂਦੀਆਂ

ਵਰਲਡ ਪੰਜਾਬੀ ਟਾਈਮਜ਼ ਦੀਪ ਰੱਤੀ

ਕਹਿੰਦੇ, ਭਗਤੀ ਤੇ ਧਿਆਨ ਦਾ—-ਅਰਥ
ਅੱਖਾਂ ਬੰਦ ਕਰਨੀਆਂ ਨਹੀ ਐ— ਹੁੰਦੀਆਂ
ਅੱਖਾਂ ਤਾਂ ਸਾਡੀਆਂ ਪਹਿਲਾਂ ਹੀ ਬੰਦ ਹੁੰਦੀਆਂ,

ਕਿਸੇ ਦੇ——-ਜਿਸਮ ਨੂੰ——-ਪਾ ਲੈਣਾ,
ਕਹਿੰਦੇ, ਇਹ ਕਦੇ ਮੁਹੱਬਤਾਂ ਨਹੀ ਹੁੰਦੀਆਂ,

ਮੁਹੱਬਤ ,ਚ ਰੂਹ ਤੋ ਰੂਹ ਤੱਕ ਹੁੰਦਾ ਉਤਰਨਾ,
ਬਸ——-ਇਹੋ ਪਾਕ—ਪਵਿੱਤਰ
ਰਿਸ਼ਤੇ ਦੀਆਂ———ਨਿਸ਼ਾਨੀਆਂ ਹੁੰਦੀਆਂ

ਵਧੀਆਂ ਜ਼ਿੰਦਗੀ ਨੂੰ——ਜਿਉਣ ਦੇ ਲਈ
ਸਾਨੂੰ—-ਇੱਕ ਗੱਲ ਸਵੀਕਾਰ ਕਰਨੀ ਪੈਣੀ

ਕਿ, ਸਭ ਕੁਝ ਸਭ ਨੂੰ ਨਹੀ ਮਿਲਦਾ ਹੁੰਦਾ ਏ
ਸੁੱਖਾਂ ਨਾ ਤਕਲੀਫ਼ਾਂ ਵੀ ਸਹਿਣੀਆਂ ਪੈਂਦੀਆਂ

ਹੋਰ ਜ਼ਿਆਦਾ ਸੁੱਖ ਲੈਣ ਦੀ, ਲਾਲਸਾ ਵਿੱਚ
ਦੁੱਖ-ਤਕਲੀਫ਼ਾਂ ਜਨਮ ਲੈਂਦੀਆਂ ਰਹਿੰਦੀਆਂ,

## ਸਰਕਾਰੀ ਹਾਈ ਸਕੂਲ ਪਿੰਡ ਔਲਖ ਵਿਖੇ ਵਾਤਾਵਰਣ ਪ੍ਰਤੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 24 ਦਸੰਬਰ : ‘ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ’ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਦੀ ਅਗਵਾਈ ਹੇਠ ਕੋਟਕਪੂਰਾ ਗਰੁੱਪ ਆਫ ਫੈਮਿਲੀਜ਼ ਬਰੈਂਪਟਨ (ਕੈਨੇਡਾ) ਦੇ ਸਹਿਯ‘‘ੋਗ ਨਾਲ ਸਰਕਾਰੀ ਹਾਈ ਸਕੂਲ ਪਿੰਡ ਔਲਖ ਵਿਖੇ



ਵਾਤਾਵਰਣ ਦੀ ਜਾਗਰੂਕਤਾ ਲਈ ਕਰਵਾਏ ਗਏ ਸੈਮੀਨਾਰ ਦੌਰਾਨ ਜਥੇਬੰਦੀ ਦੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਕੋਟਕਪੂਰਾ ਨੇ ਵਾਤਾਵਰਣ ਦੇ ਪਲੀਤ ਹੋਣ ਦੇ ਕਾਰਨ ਅਤੇ ਉਸ ਤੋਂ ਹੋਣ ਵਾਲੇ ਨੁਕਸਾਨ ਸਬੰਧੀ ਅੰਕੜਿਆਂ ਸਹਿਤ ਦਲੀਲਾਂ ਦੇ ਕੇ ਵਿਸਥਾਰ ਸਹਿਤ ਸਮਝਾਇਆ। ਉਹਨਾਂ ਦੱਸਿਆ ਕਿ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕ ਕਰਨ ਵਾਲੀਆਂ ਕਾਪੀਆਂ ਜਥੇਬੰਦੀ ਵਲੋਂ ਸਕੂਲਾਂ ਵਿੱਚ ਵੰਡਣ ਦਾ ਮਕਸਦ ਇਹੀ ਹੈ ਕਿ ਬਚਪਨ ਤੋਂ ਜਵਾਨੀ ਦੀ ਦਹਿਲੀਜ਼ ’ਤੇ ਕਦਮ ਰੱਖਣ ਵਾਲੀ ਉਮਰ ਵਿੱਚ ਬੱਚਿਆਂ ਨੂੰ ਵੱਧ ਤੋਂ ਵੱਧ ਬੂਟੇ ਲਾਉਣ ਅਤੇ ਉਹਨਾਂ ਦੀ ਸੰਭਾਲ ਯਕੀਨੀ ਬਣਾਉਣ, ਪਾਣੀ ਦੀ ਬੱਚਤ ਕਰਨ, ਵਾਤਾਵਰਣ ਪਲੀਤ ਕਰਨ ਤੋਂ ਗੁਰੇਜ ਵਰਗੀਆਂ ਜਰੂਰੀ ਗੱਲਾਂ ਸਮਝਾਈਆਂ ਜਾ ਸਕਣ। ਉਹਨਾ ਇਕ ਦਰੱਖਤ ਤੋਂ ਹੋਣ ਵਾਲੇ ਲੱਖਾਂ ਰੁਪਏ ਦੇ ਫਾਇਦਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਆਖਿਆ ਕਿ ਜੇਕਰ ਅਸੀਂ ਕਰੋਨਾ ਵਾਇਰਸ ਦੀ ਕਰੋਪੀ ਦੇ ਸੰਕਟ ਦੌਰਾਨ ਆਕਸੀਜਨ ਦੇ ਇਕ ਇਕ ਕਰੋੜ ਰੁਪਏ ਦੀ ਕੀਮਤ ਦੇ ਵਿਕੇ ਸਿਲੰਡਰਾਂ ਦੇ ਬਾਵਜੂਦ ਵੀ ਦਰੱਖਤਾਂ ਦੀ ਮਹੱਤਤਾ ਨੂੰ ਨਾ ਸਮਝੇ ਤਾਂ ਸਾਨੂੰ ਇਸ ਤੋਂ ਵੱਧ ਕੁਦਰਤ ਵੀ ਹਲੂਣਾ ਨਹੀਂ ਦੇ ਸਕਦੀ। ਸਕੂਲ ਮੁਖੀ ਜਗਜੀਵਨ ਸਿੰਘ ਸਮੇਤ ਪ੍ਰੋ ਐੱਚ.ਐੱਸ. ਪਦਮ, ਅਮਰ ਸਿੰਘ ਮਠਾੜੂ, ਜਸਵਿੰਦਰ ਸਿੰਘ ਬਰਾੜ, ਮਾ ਸੋਮਨਾਥ ਅਰੋੜਾ, ਜਸਕਰਨ ਸਿੰਘ ਭੱਟੀ, ਸੁਨੀਲ ਕੁਮਾਰ ਬਿੱਟਾ ਗਰੋਵਰ, ਹਰਿੰਦਰਪਾਲ ਸਿੰਘ ਔਲਖ ਆਦਿ ਨੇ ਸੁਸਾਇਟੀ ਦੇ ਉਕਤ ਉਪਰਾਲਿਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

## ਪੰਜਾਬ ਜੇਤੂ ਖਿਡਾਰਣਾ ਦਾ ਸੰਸਥਾ ’ਚ ਕੀਤਾ ਗਿਆ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ , 24 ਦਸੰਬਰ : ਪੰਜਾਬ ਰਾਜ 17 ਸਾਲ ਤੋਂ ਘੱਟ ਉਮਰ ਸਰਕਲ ਸਟਾਈਲ ਕਬੱਡੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਧਵਾਂ ਵਿਖੇ ਫਰੀਦਕੋਟ ਦੀਆਂ ਵਿਦਿਆਰਥਣਾਂ ਨੇ ਪਹਿਲਾਂ ਸਥਾਨ ਹਾਸਲ ਕਰਕੇ ਜਿਲੇ ਦਾ ਨਾਮ ਚਮਕਾਇਆ। ਜੇਤੂ



ਟੀਮ ਨੂੰ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ। ਜੇਤੂ ਟੀਮ ਦਾ ਸਥਾਨਕ ਡਾ. ਚੰਦਾ ਸਿੰਘ ਮਰਵਾਹ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਪਹੁੰਚਣ ’ਤੇ ਨਿੱਘਾ ਸਵਾਗਤ ਕਰਨ ਉਪਰੰਤ ਸੰਸਥਾ ਦੇ ਸਟਾਫ ਅਤੇ ਸ਼ਹਿਰ ਵਾਸੀਆਂ ਵੱਲੋਂ ਸਾਰੇ ਬੱਚਿਆਂ ਅਤੇ ਕੋਚ ਸਹਿਬਾਨ ਦਾ ਸਨਮਾਨ ਚਿੰਨ੍ਹ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਪ੍ਰਭਜੋਤ ਸਿੰਘ ਵਲੋਂ ਜੇਤੂ ਖਿਡਾਰਣਾਂ ਦੀ ਹੌਸਲਾ ਅਫਜਾਈ ਕਰਦਿਆਂ ਚੰਗੇ ਭਵਿੱਖ ਦੀ ਕਾਮਨਾ ਕੀਤੀ। ਸਮਾਜਸੇਵੀ ਬਲਜੀਤ ਸਿੰਘ ਖੀਵਾ ਨੇ ਵੀ ਖਿਡਾਰਣਾਂ ਨੂੰ ਹੱਲਾਸ਼ੇਰੀ ਦਿੱਤੀ। ਕੁਲਦੀਪ ਸਿੰਘ ਲੈਕਚਰਾਰ ਨੇ ਦੱਸਿਆ ਕਿ ਨਰੇਸ਼ ਕੁਮਾਰ ਦੀ ਅਗਵਾਈ ਵਿੱਚ ਟੀਮ ਦੀ ਪ੍ਰਾਪਤੀ ਆਪਣੇ ਆਪ ਵਿੱਚ ਰਿਕਾਰਡ ਹੈ। ਇਸ ਮੌਕੇ ਮਨੋਹਰ ਲਾਲ ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਤਜਿੰਦਰ ਸਿੰਘ ਪ੍ਰਿੰਸੀਪਲ ਸਵਿੰਦਰ ਕੌਰ, ਸ਼੍ਰੀਮਤੀ ਪਰਮਜੀਤ ਕੌਰ ਇਕਬਾਲ ਸਿੰਘ, ਚੰਦਨ ਸਿੰਘ, ਨਿਸਾਨ ਸਿੰਘ, ਜਗਮੋਹਨ ਸਿੰਘ ਹੈਡਮਾਸਟਰ, ਸੁਖਵੰਤ ਕੌਰ, ਬਲਵਿੰਦਰ ਸਿੰਘ ਹੈਡਮਾਸਟਰ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ ਹਾਜਰ ਸੀ।

## ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ “ਕਿਸਾਨ ਹੀਰੋ” ਸਨਮਾਨ ਨਾਲ ਨਿਵਾਜਣਾ ਸ਼ਲਾਘਾਯੋਗ ਫ਼ੈਸਲਾ : ਮੱਟੂ

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ 24 ਦਸੰਬਰ : ਜਿਲ੍ਹਾ ਅੰਮ੍ਰਿਤਸਰ ਦੇ ਪ੍ਰਸਿੱਧ ਖੇਡ ਪ੍ਰੋਮੋਟਰ ਅਤੇ ਸਮਾਜ ਸੇਵਕ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਮਾਝੇ ਦੇ ਜਰਨੈਲ ਕੈਬਿਨਟ ਮੰਤਰੀ ਪੰਜਾਬ ਸ੍ਰ ਕੁਲਦੀਪ ਸਿੰਘ ਧਾਲੀਵਾਲ ਨੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਾਲ ਵਿਖੇ ਜਿਲ੍ਹਾ ਪ੍ਰਸਾਸ਼ਨ ਵੱਲੋਂ ਇਕ ਨਿਵੇਕਲੀ ਪਹਿਲ ਕਦਮੀ ਕਰਦੇਯੂਨੀਵਰਸਿਟੀ ਦੇ ਹਾਲ ਵਿਖੇ ਹੋਏ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਅੰਮ੍ਰਿਤਸਰ ਜਿਲ੍ਹੇ ਦੇ 100 ਕਿਸਾਨਾਂ ਨੂੰ “ਕਿਸਾਨ ਹੀਰੋ” ਸਨਮਾਨ ਪੱਤਰ ਤੇ 1000 ਰੁਪਏ ਇਨਾਮੀ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਧਾਨ ਮੱਟੂ ਨੇ ਅੱਗੇ ਕਿਹਾ ਕੇ ਜਿਲ੍ਹਾ ਪ੍ਰਸਾਸ਼ਨ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਅੱਗੇ ਤੋਂ ਹੋਰ ਕਿਸਾਨ ਵੀ ਇਸ ਤੋਂ ਪ੍ਰੇਰਨਾ ਲੈ ਕੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਉਣਗੇ।

## ਹੈਪ ਕ੍ਰਿਕਟ ਅਕੈਡਮੀ ਭਾਣਾ ਦੇ 47 ਖਿਡਾਰੀਆਂ ਦੀ ਸਟੇਟ ਪੱਧਰ ਲਈ ਚੋਣ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 24 ਦਸੰਬਰ : ਗੁਰੂ ਹਰਗੋਬਿੰਦ ਸਾਹਿਬ ਕਾਨਵੈਂਟ ਸਕੂਲ ਭਾਣਾ ਦੇ ਕੈਂਪਸ ਅੰਦਰ ਬਣੀ ਹੈਪ ਕ੍ਰਿਕਟ ਅਕੈਡਮੀ ਦੇ ਰਾਜ ਪੱਧਰ ਤੇ 47 ਖਿਡਾਰੀ/ਖਿਡਾਰਣਾਂ ਵੱਖ-ਵੱਖ ਉਮਰ ਵਰਗ ਅੰਦਰ ਹਿੱਸਾ ਬਣੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੈਪ ਕ੍ਰਿਕਟ ਅਕੈਡਮੀ ਦੇ ਪ੍ਰਬੰਧਕ ਭਗਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਹੈਪ ਕ੍ਰਿਕਟ ਅਕੈਡਮੀ ਦੇ ਖਿਡਾਰੀ/ਖਿਡਾਰਣਾਂ



ਵਲੋਂ ਟੂਰਨਾਮੈਂਟ ਦੌਰਾਨ ਜ਼ੋਨ ਪੱਧਰ ’ਤੇ ਆਪਣੀ ਪਕੜ ਮਜ਼ਬੂਤ ਕੀਤੀ ਗਈ ਫ਼ਿਰ ਇਹ ਖਿਡਾਰੀ ਰਾਜ ਲਈ ਚੁਣੇ ਗਏ। ਉਨ੍ਹਾਂ ਦੱਸਿਆ ਕਿ 32 ਲੜਕੀਆਂ ਅਤੇ 15 ਲੜਕਿਆਂ ਦੀ ਚੋਣ ਰਾਜ ਪੱਧਰੀ ਮੁਕਾਬਲਿਆਂ ਲਈ ਹੋਈ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦੀ ਪੂਰਨ ਤਸੱਲੀ ’ਤੇ ਸੁੰਤਸ਼ਟੀ ਹੈ ਕਿ ਬਹੁਤ ਥੋੜ੍ਹੇ ਸਮੇਂ ਅੰਦਰ ਹੈਪ ਕ੍ਰਿਕਟ ਅਕੈਡਮੀ ਨੇ ਆਪਣੀ ਵਿਲੱਖਣ ਪਹਿਚਾਣ ਕਾਇਮ ਕੀਤੀ ਹੈ। ਇਸ ਦਾ ਸਮੁੱਚਾ ਅਕੈਡਮੀ ਅੰਦਰ ਦਿੱਤੀ ਜਾਂਦੀ ਵਿਅਕਤੀਗਤ ਸਿਖਲਾਈ ਅਤੇ ਅਤਿ ਆਧੁਨਿਕ ਮਸ਼ੀਨਾਂ ਦਾ ਕਮਾਲ ਹੈ। ਜਿਨ੍ਹਾਂ ਦੀ ਬਦੌਲਤ ਹੈਪ ਕ੍ਰਿਕਟ ਅਕੈਡਮੀ ਦੇ ਖਿਡਾਰੀ ਹਰ ਪਾਸੇ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਅਕੈਡਮੀ ਪਾਸ ਤਜਰਬੇਕਾਰ ਕੋਚ ਸਾਹਿਬਾਨ ਦਾ ਵਿਸ਼ੇਸ਼ ਪ੍ਰਬੰਧ ਹੈ। ਉਨ੍ਹਾਂ ਵੱਲੋਂ ਬੜੇ ਸੂਖਮ ਤਰੀਕੇ ਨਾਲ ਖਿਡਾਰੀਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅਕੈਡਮੀ ਦਾ ਉਦੇਸ਼ ਆਉਣ ਵਾਲੇ ਸਮੇਂ ਅੰਦਰ ਦੇਸ਼ ਦੀ ਕ੍ਰਿਕਟ ਲਈ ਉੱਚ ਦਰਜੇ ਦੇ ਖਿਡਾਰੀ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਹੈਪ ਕ੍ਰਿਕਟ ਅਕੈਡਮੀ ਵੱਲੋਂ ਖਿਡਾਰੀਆਂ ਦੀ ਸਹੂਲਤ ਵਾਸਤੇ ਸ਼ਾਮ ਮੌਕੇ ਵਿਸ਼ੇਸ਼ ਸਿਖਲਾਈ ਗਰੁੱਪਾਂ ਵਾਸਤੇ ਬੱਸ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਚੁਣੇ ਗਏ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਭਵਿੱਖ ’ਚ ਹੋਰ ਸਖ਼ਤ ਮਿਹਨਤ ਕਰਕੇ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰੱਖਣ ਵਾਸਤੇ ਪ੍ਰੇਰਿਤ ਕੀਤਾ।

ਵਰਲਡ ਪੰਜਾਬੀ ਟਾਈਮਜ਼ 24 ਦਸੰਬਰ 2024 ਦਿਨ ਮੰਗਲਵਾਰ

## ਵਜ਼ੀਰ ਖਾਂ ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਜੀ ਨੂੰ ਪਕੜਣ ਵਾਸਤੇ ਗੁੱਸੇ ਵਿੱਚ ਸੀ***



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਸੰਗਤ ਸਿੰਘ ਜੀ ਦੇ ਪਵਿੱਤਰ ਸਰੂਪ ਨੂੰ ਦੇਖ ਕੇ ਉਸ ਨੂੰ ਯਕੀਨ ਹੋ ਗਿਆ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਨਹੀਂ। ਇਨੇ ਮਹੀਨਿਆ ਤੋਂ ਆਪਣੇ ਬੰਦੇ ਮਰਵਾਉਣ ਤੋਂ ਬਾਅਦ ਗੁਰੂ ਨਾ ਪਕੜਿਆ ਜਾਏ। ਖਿੱਝ ਕੇ ਸਰਹਿੰਦ ਆਇਆਂ ਤੇ ਮੁਰਿੰਡੇ ਤੋਂ ਜਾਨੀ ਤੇ ਮਾਨੀ ਖਾਂ ਨੇ ਖ਼ਬਰ ਦਿੱਤੀ ਸਰਕਾਰ ਇਕ ਖੁਸ਼ਖਬਰੀ ਹੈ। ਜਿਸਨੇ ਤੁਹਾਡੇ ਬੰਦੇ ਤੀਰਾਂ ਨਾਲ ਵਿੰਨਿਆ ਹੈ।ਉਸ ਦੇ ਛੋਟੇ ਬੱਚੇ ਤੇ ਮਾਤਾ ਅਸੀਂ ਮੁਰਿੰਡੇ ਤੋਂ ਲੈ ਕੇ ਆਏ ਹਾਂ। ਵਜ਼ੀਰ ਖਾਂ ਝੂਮ ਉਠਿਆ।
ਹੁਣ ਮੈਂ ਦੇਖਾਂ ਗਾਂ ਗੁਰੂ ਦੇ ਪੁੱਤਰ ਤੇ ਮਾਂ ਗੁਰੂ ਪੁੱਤਰਾਂ ਦੇ ਮੋਹ ਛੱਡਦਾ ਕਿਉਂ ਨਹੀਂ। ਉਹ ਤਾਂ ਪੁੱਤਰਾਂ ਦੀ ਲਾਸ਼ ਦੈਖਕੇ ਕਪੜਾ ਨਹੀਂ ਪਾਣੀ ਦਿੰਦਾ। ਕਹਿੰਦਾ ਮਿੱਟੀ ਹੈ ਮਿੱਟੀ ਨਾਲ ਕੀ ਮੋਹ ਨਹੀਂ।
ਅੱਜ ਤਸੀਹੇ ਸ਼ੁਰੂ ਹੋਏ। ਦੋਹਾਂ ਪੁੱਤਰਾਂ ਦੇ ਤਨ ਢੱਕਣ ਵਾਸਤੇ ਕੋਈ ਕੰਬਲ ਨਹੀਂ। ਠੰਡੇ ਬੁਰਜ ਤੇ ਠੰਡੇ ਫਰਸ਼ ਤੇ ਮਾਂ ਗੁਜਰੀ ਆਪਣੀ ਹਿਕ ਨਾਲ ਲਗਾ ਕੇ ਆਪਣੀ ਗੋਦੀ ਦੀ ਨਿਘ ਵਿਚ ਦੋਹਾਂ ਪੋਤਿਆਂ ਨੂੰ ਲੈਣ ਕੇ ਬੈਠ ਗਈ। ਸ਼ਾਮ ਦਾ ਵੇਲਾ ਠੰਡੀ ਹਵਾ ਚਲੀ ਰਹੀ ਤੇ ਮਾਤਾ ਜੀ ਨੇ ਪਾਠ ਕੀਤਾ ਆਪਣੇ ਕੋਲ ਬਿਠਾਇਆ।
ਉਧਰ ਵਜ਼ੀਰ ਖਾਂ ਕਹਿੰਦਾ ਹੈ
ਪੰਜ ਸਾਲ ਦਾ ਬੱਚਾ ਸੱਤ ਸਾਲ ਦਾ ਬੱਚਾ ਜਦੋਂ ਚਕੌਂੜਾ ਮਾਰ ਕੇ ਬੈਠੇ ਹੋਣਗੇ ਆਖਰ ਠੰਡੀ ਹਵਾ ਨੇ ਬੁੱਲ ਵੀ ਨੀਲੇ ਕੀਤੇ ਹੋਣ ਗੇ ਹਵਾ ਨੇ ਹੱਥ ਵੀ ਪਾਰ ਦਿੱਤੇ ਹੋਣਗੇ ਠੰਡੀ ਹਵਾ ਨੇ ਉਸ ਬੁਢੜੀ ਤੇ ਕਹਿਰ ਢਾਇਆ ਹੋਣਾ ਹੈ। ਪਰ ਦਾਦੀ ਨੇ ਬੱਚਿਆਂ ਨੂੰ ਆਖਿਆ ਅਸੀਂ ਹੁਣ ਠੰਡੇ ਬੁਰਜ ਵਿੱਚ ਆਏ ਹਾਂ ਕੱਲ ਨੂੰ ਪਤਾ ਨਹੀਂ ਕੀ ਹੋਣਾ ਹੈ
ਤੁਹਾਡੇ ਵਿਚ ਤੱਤੀ ਤਵੀ ਤੇ ਬੈਠਣਾ ਵਾਲੇ ਦਾ ਖੂਨ ਹੈ। ਤੁਹਾਡੇ ਦਾਦਾ ਗੁਰੂ ਤੇਗ਼ਬਹਾਦਰ ਦਾ ਸਾਇਆ ਹੈ ਇਕ ਗੱਲ ਚੇਤੇ ਰੱਖਣਾ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹੋ। ਫਤਿਹ ਸਿੰਘ ਅੱਗੋਂ ਪਿਆਰ ਨਾਲ ਮੁਸਕਰਾ ਕੇ ਕਹਿੰਦੇ ਹਨ। ਦਾਦੀ ਮਾਂ ਤੂੰ ਬੁਰਜ ਤੋਂ ਖਲੋ ਕੇ ਦੇਖੀਂ। ਚਲਦਾ

## ਵਿਡੰਬਨਾ!




ਸਾਡੇ ਰੋਪੜ ਤੋਂ ਪੈਂਦਾ 60 ਮੀਲ ਕੁ ਅੰਬਾਲਾ।
ਪਰ ਵਿਰਸੇ, ਰਵਾਇਤਾਂ ਵਿੱਚ ਫਰਕ ਹੈ ਬਾਹਲ਼ਾ।

ਉੱਥੇ ਛੋਕਰਾ ਹੋ ਜਾਵੇ ਸਾਡੇ ਸ਼ਹਿਰ ਵਾਲਾ ਮੁੰਡਾ।
ਉੱਥੇ ਸੁਣੀਂਦਾ ਏ ਲੱਠ ਜਿਹੜਾ ਸਾਡੇ ਹੁੰਦਾ ਖੂੰਡਾ।

ਸਾਡੀ ਰੋਟੀ ਉੱਥੇ ਖਾਣਾ, ਬਣੇ ਚਾਦਰੇ ਦੀ ਧੋਤੀ।
ਐਥੇ ਮੱਝ ਉੱਥੇ ਮ੍ਹੈਸ, ਉੱਥੇ ਗਧੀ ਐਥੇ ਖੋਤੀ।

ਸਾਡੇ ਕਿੱਕਲੀ ਤੇ ਗਿੱਧੇ, ਉੱਥੇ ਝਾਮਣ ਜਾਂ ਝੋਲ।
ਐਥੇ ਕੀਮਤਾਂ ਤੇ ਭਾਅ, ਉੱਥੇ ਦਾਮ ਤੇ ਜਾਂ ਮੋਲ।

ਸਾਡੇ ਨਿੱਕਲਦੀ ਜਾਗੋ, ਉੱਥੇ ਹੋਵੇ ਘੁੜਚੜ੍ਹੀ।
ਐਥੇ ਵੱਡਾ-ਨਿੱਕਾ-ਵੱਡੀ, ਉੱਥੇ ਬੜਾ-ਛੋਟਾ-ਬੜੀ।

ਅਸੀਂ ਸਾਂਢ ਤੇ ਜਾਂ ਸਾਨ੍ਹ, ਉਹ ਆਖਦੇ ਨੇ ਸੰਢਾ।
ਸਾਡੀ ਨਾਨਕਿਆਂ ਦੀ ਛੱਕ, ਉਹ ਬੰਨ੍ਹਦੇ ਨੇ ਮੰਢ੍ਹਾ।

ਸਾਡੇ ਪਿੰਡਾਂ ਵਾਲ਼ੇ ਟੋਬ੍ਹੇ, ਹੁੰਦੇ ਉਹਨਾਂ ਦੇ ਨੇ ਜੋਹੜ।
ਜਿਹੜੇ ਉਹਨਾਂ ਲਈ ਬਰੋਟੇ, ਸਾਡੀ ਸੱਥਾਂ ਦੇ ਨੇ ਬੋਹੜ।

ਸਾਡੀ ਪੈਲੀ 'ਚ ਕਮਾਦ, ਉੱਥੇ ਖੇਤਾਂ ਵਿੱਚ ਈਖ।
ਸਾਨੂੰ ਸਿਖਿਆ-ਅਕਲ, ਉੱਥੇ ਮਿਲਦੀ ਹੈ ਸੀਖ।

ਪਰ ਕੰਮ ਲਈ ਕਦੇ ਵੀ ਉੱਥੇ ਜਾਣਾ ਅਸੀ ਚਾਹੀ੍ਏ।
ਲਾ ਕੇ 100 ਕੁ ਰੁਪਈਏ ਸੋਖਿਆਂ ਹੀ ਪਹੁੰਚ ਜਾਈਏ।

ਹੁਣ ਅੱਗੇ ਗੱਲ ਮੇਰੀ ਪੜ੍ਹੋ ਨਾਲ ਜਰਾ ਗੋਰ।
ਸਾਡੇ ਰੋਪੜੋਂ ਹੀ ਪੈਂਦਾ 200 ਮੀਲ ਕੁ ਲਾਹੋਰ।

ਖਾਣ-ਪੀਣ, ਪਹਿਰਾਵਾ, ਬੋਲ਼ੀ, ਭੰਗੜੇ ਤੇ ਗੀਤ।
ਸਾਝੇਂ ਰਸਮੋ-ਰਿਵਾਜ ਚੱਲੇ ਇੱਕੋ ਜਿਹੀ ਰੀਤ।

ਹੋਵੇ ਜਾਣ ਦਾ ਜੇ ਮਨ ਤਾਂ ਅਧੂਰੀਆਂ ਨੇ ਰੀਝਾਂ।
ਪੱਕੀ ਲੱਗੀ ਕੰਡਾ-ਤਾਰ ਸੋਖਾ ਮਿਲਦਾ ਨੀ' ਵੀਜ਼ਾ।

ਚੰਦ ਬੰਦਿਆਂ ਦੀ ਮੈਂ ਮੈਂ ਐਸੀ ਕਰ ਦਿੱਤੀ ਵੰਡ।
ਸਾਂਝੇ ਪਿਆਰ-ਭਾਈਚਾਰੇ ਦਿੱਤੇ ਪਲਾਂ ਵਿੱਚ ਛੰਡ।

ਵੰਡੇ ਮਿਰਜ਼ੇ ਤੇ ਰਾਂਝੇ, ਜੱਗੇ-ਦੁੱਲੇ, ਸਹਿਬਾਂ-ਹੀਰ।
ਰਹਿ ਗਏ ਦੂਰ ਨਨਕਾਣੇ, ਛੁੱਟੇ ਉਹਨਾਂ ਦੇ ਵੀ ਪੀਰ।

ਭੈੜੀ ਸਿਆਸਤਾਂ ਦੀ ਭੇਟਾ, ਚੜ੍ਹੇ ਜਨਤਾ-ਆਵਾਮ।
ਟੁੱਟੇ ਫ਼ਤਿਹ-ਨਮਸਕਾਰ, ਖਿੰਡ-ਪੁੰਡ ਗਈ ਸਲਾਮ।

ਰੋਮੀ ਸੋਚਦਾ ਘੜਾਮੇ ਸਾਥੋਂ ਚੰਗੇ ਨੇ ਜਨੌਰ।
ਘੁੰਮ ਆਉਂਦੇ ਨੇ ਬੇਖੋਫ਼ ਜੋ ਕਰਾਚੀ ਤੇ ਲਾਹੌਰ।

ਘੁੰਮ ਆਉਂਦੇ ਨੇ ਬੇਖੋਫ਼, ਜੋ ਕਰਾਚੀ ਤੇ ਲਾਹੌਰ।
ਘੁੰਮ ਆਉਂਦੇ ਨੇ ਬੇਖੋਫ਼ ................।

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਜੀਣਾ ਮਰਨਾ ਤੇਰੇ ਨਾਲ ਜਦ ਫਿਰ ਕਿਉਂ ਜਾਵਾਂ ਹੋਰ ਕਿਤੇ।
ਅਪਣੀ ਰਹਿਮਤ ਦਾ ਸਰਮਾਇਆ ਮੈਂ ਕਿਉਂ ਪਾਵਾਂ ਹੋਰ ਕਿਤੇ।

ਓਧਰ ਵਖਰੇ ਯਾਰਾਨੇ ਤੇ ਏਧਰ ਵਖਰੇ ਅਫ਼ਸਾਨੇ,
ਇੰਝ ਨਈਂ ਹੋਣਾ ਲੋਕਾਂ ਨੂੰ ਫਿਰ ਮੈਂ ਸਮਝਾਵਾਂ ਹੋਰ ਕਿਤੇ।

ਤੇਰੇ ਰੁੱਖ ਦੀ ਛਾਂਵੇਂ ਬਹਿ ਇੱਕ ਸਕੂਨ ਨਜ਼ਾਰਾ ਪਾਇਆ,
ਐਪਰ ਮਤਲਬ ਪਿਛੋਂ ਫਿਰ ਕਿਉਂ ਆਵਾਂ ਜਾਵਾਂ ਹੋਰ ਕਿਤੇ।

ਚਿੰਤਾ ਵਾਲੀ ਚਾਰ ਦਿਵਾਰੀ ਮਸਤਕ ਵਾਲੀ ਬੁਗਨੀ ਵਿਚ,
ਅਪਣੀ ਮਸਤੀ ਦੇ ਵਿਚ ਅਪਣੀ ਮੌਜ ਲੁਟਾਵਾਂ ਹੋਰ ਕਿਤੇ।

ਉਸ ਦੇ ਚਿਹਰੇ ਦੀ ਮੁਸਕਾਨ 'ਚ ਇੱਕ ਬਣਾਉਟੀ ਪਣ ਝਲਕੇ,
ਤਕਦਾ ਏਧਰ ਵਾਲੇ ਪਾਸੇ ਚੋਰ ਨਿਗ੍ਹਾਵਾਂ ਹੋਰ ਕਿਤੇ।

ਤੇਰੇ ਨੈਣਾਂ ਵਿਚ ਗੁਫਾਵਾਂ ਦਾ ਸਿਰਨਾਵਾਂ ਲਭਦਾ ਨਈਂ,
ਇਸ ਮੰਜ਼ਿਲ ਦੀਆਂ ਛੁਪੀਆਂ ਹੋਈਆਂ ਲਗਦਾ ਰਾਵ੍ਹਾਂ ਹੋਰ ਕਿਤੇ।

ਇਸ ਗੁੱਡੀ ਨੇ ਅੰਬਰ ਦੇ ਵਿਚ ਮੁਮਕਿਨ ਹੈ ਕਿ ਚੜ੍ਹਣਾ ਨਈਂ,
ਕਿਉਂਕਿ ਇਸ ਦੀਆਂ ਅਗਰ ਤਣਾਵਾਂ ਮਗਰ ਤਣਾਵਾਂ ਹੋਰ ਕਿਤੇ।

ਇੱਕ ਕਮਾਨ 'ਚ ਦੋ-ਦੋ ਤੀਰ ਚਲਾਵਣ ਦੀ ਸਮਰੱਥਾ ਹੈ,
ਇੱਕ ਚੜ੍ਹਾਵਾਂ ਏਧਰ ਪਾਸੇ ਇੱਕ ਚੜ੍ਹਾਵਾਂ ਹੋਰ ਕਿਤੇ।

ਸਮਝਣ ਵਾਲੇ ਸਮਝਣਗੇ ਸਮਝਣ ਵਾਲੀ ਗੱਲ ਸਮਝਣ ਜੇ,
ਗੱਲ ਸੁਣਾਵਾਂ ਗ਼ੈਰਾਂ ਨੂੰ ਤੇ ਪਾਠ ਪੜ੍ਹਾਵਾਂ ਹੋਰ ਕਿਤੇ।

ਮਜ਼ਬੂਰੀ ਵੀ ਇੱਛਾਵਾਂ ਨੂੰ ਫਾਂਸੀ ਤੇ ਲਟਕਾ ਦਿੰਦੀ ਹੈ,
ਅੱਟੀ-ਸੱਟੀ ਹੋਰ ਕਿਤੇ ਹੈ ਐਪਰ ਲਾਵਾਂ ਹੋਰ ਕਿਤੇ।

ਇਹ ਤਾਂ ਹਰਗ਼ਿਜ਼ ਹੋ ਨਈਂ ਸਕਦਾ ਗ਼ਜ਼ਲ ਤਿਰੀ ਨੂੰ ਵਿੱਚ ਤਰੱਨੁਮ,
ਮਹਿਫ਼ਲ ਬਾਲਮ ਤੇਰੀ ਹੋਵੇ ਐਪਰ ਗਾਵਾਂ ਹੋਰ ਕਿਤੇ।

## ਚੁਗਲੀ

ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਮੀਰਾ ਜੈਨ
ਅਨੁਵਾਦ - ਪ੍ਰੋ. ਨਵ ਸੰਗੀਤ ਸਿੰਘ

ਕੱਲ੍ਹ ਆਪਣੇ ਨਿੱਘੇ ਦੋਸਤ ਗਗਨ ਨੂੰ ਵਧਾਈ ਦਿੰਦਿਆਂ ਰਾਜੀਵ ਨੇ ਕਿਹਾ ਸੀ – "ਗਗਨ! ਮੈਨੂੰ ਪਹਿਲਾਂ ਹੀ ਪਤਾ ਸੀ ਕਿ ਤੂੰ ਹੀ ਇਸ ਕਮਿਸ਼ਨ ਦਾ ਮੁਖੀ ਬਣੇਂਗਾ। ਤੇਰਾ ਹਰ ਕੰਮ, ਤੇਰਾ ਹਰ ਫੈਸਲਾ ਕਾਬਿਲੇ-ਤਾਰੀਫ਼ ਹੁੰਦਾ ਹੈ। ਹਰ ਮਿਲਣ ਵਾਲਾ ਤੇਰਾ ਮੁਰੀਦ ਹੋ ਜਾਂਦਾ ਹੈ। ਬਹੁਤ ਬਹੁਤ ਮੁਬਾਰਕ! ਕੱਲ੍ਹ ਮੰਤਰਾਲੇ ਤੋਂ ਆਦੇਸ਼ ਜਾਰੀ ਹੋ ਜਾਣਗੇ।"
ਅਗਲੇ ਦਿਨ ਆਦੇਸ਼ ਤਾਂ ਜਾਰੀ ਹੋ ਗਏ ਪਰ ਗਗਨ ਦੀ ਥਾਂ ਨਾਂ ਕਿਸੇ ਹੋਰ ਦਾ ਸੀ। ਰਾਜੀਵ ਨੇ ਹੈਰਾਨੀ ਦੇ ਨਾਲ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ- "ਗਗਨ! ਇਹ ਕਿਵੇਂ ਸੰਭਵ ਹੈ? ਲਗਦਾ ਹੈ, ਆਖਰੀ ਸਮੇਂ ਵਿੱਚ ਤੇਰੀ ਥਾਂ ਕਿਸੇ ਹੋਰ ਨੂੰ ਲੈ ਲਿਆ ਗਿਆ ਹੈ। ਤੈਨੂੰ ਪਤਾ ਹੈ ਕਿ ਅਜਿਹਾ ਕਿਉਂ ਹੋਇਆ?"
ਮੁਸਕਰਾਉਂਦੇ ਹੋਏ ਗਗਨ ਨੇ ਜਵਾਬ ਦਿੱਤਾ- "ਐਨ ਵਕਤ ਤੇ ਕਿਸੇ ਚੁਗਲਖੋਰ ਨੇ ਮੇਰੀ ਚੁਗਲੀ ਮੁੱਖਮੰਤਰੀ ਜੀ ਨੂੰ ਕਰ ਦਿੱਤੀ ਕਿ ਮੈਂ ਈਮਾਨਦਾਰ ਹਾਂ।"




## ਅੱਜ ਦਾ ਬੰਦਾ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਸਿੱਧੇ ਕੰਮ ਜੇਕਰ ਕਰਦਾ ਅੱਜ ਦਾ ਬੰਦਾ,

ਪੀਣਾ ਨਾ ਪੈਂਦਾ ਉਸ ਨੂੰ ਪਾਣੀ ਗੰਦਾ।

ਉਹ ਮੂੰਹੋਂ ਮਿੱਠੇ ਬੋਲ ਨਹੀਂ ਕੱਢ ਸਕਦਾ,

ਜਿਸ ਨੇ ਲਾਇਆ ਬੁੱਲ੍ਹਾਂ ਨੂੰ ਚੁੱਪ ਦਾ ਜੰਦਾ।

ਉਹ ਨੇਤਾ ਖੁਦ ਨੂੰ ਸਫਲ ਨੇਤਾ ਨਾ ਮੰਨੇ,

ਜਦ ਤੱਕ ਉਹ ਬੋਲੇ ਨਾ ਹੋਰਾਂ ਨੂੰ ਮੰਦਾ।

ਵਿਹਲੇ ਬਹਿ ਕੇ ਕਦ ਰੋਟੀ ਮਿਲਦੀ ਇੱਥੇ,

ਰੋਟੀ ਲਈ ਕੋਈ ਕਰਨਾ ਪੈਂਦਾ ਧੰਦਾ।

ਉਹ ਸਭ ਦੇ ਮਨ ਤੋਂ ਉੱਤਰ ਜਾਵੇ ਯਾਰੋ,

ਜੋ ਸਦਾ ਤਿਆਰ ਰਹੇ ਕਰਨ ਲਈ ਕੰਮ ਮੰਦਾ।

ਆਪਣੇ ਤੇ ਬੇਗਾਨੇ ਪਰਖੇ ਜਾਣ ਉਦੋਂ,

ਜਦ ਤਨ ਉੱਤੇ ਲੱਗੇ ਦੁੱਖਾਂ ਦਾ ਰੰਦਾ।

ਆਵਾਜਾਈ ਬਹੁਤ ਵਧੀ ਹੈ ਸੜਕਾਂ ਤੇ,

ਆ,ਜਾ ਨ੍ਹੀ ਸਕਦਾ ਕਿਸੇ ਪਾਸੇ ਵੀ ਬੰਦਾ।

## ਸਮਾਨਾਂਤਰ ਸਿਨੇਮਾ ਦਾ ਮੋਢੀ : ਸ਼ਿਆਮ ਬੈਨੇਗਲ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਹਿੰਦੀ ਫਿਲਮ ਜਗਤ ਦਾ ਚਰਚਿਤ ਨਿਰਦੇਸ਼ਕ ਸ਼ਿਆਮ ਬੈਨੇਗਲ ਨਹੀਂ ਰਿਹਾ। ਬੀਤੇ ਦਿਨੀਂ, 23 ਦਸੰਬਰ 2024 ਨੂੰ, 90 ਸਾਲ ਦੀ ਉਮਰ ਵਿੱਚ ਉਹਨੇ ਮੁੰਬਈ ਦੇ ਇੱਕ ਹਸਪਤਾਲ ਵਿੱਚ ਆਖਰੀ ਸਾਹ ਲਿਆ। ਅੰਕੁਰ, ਨਿਸ਼ਾਂਤ, ਮੰਥਨ ਅਤੇ ਭੂਮਿਕਾ ਜਿਹੀਆਂ ਫਿਲਮਾਂ ਦਾ ਡਾਇਰੈਕਟਰ ਸ਼ਿਆਮ ਬੈਨੇਗਲ ਸਮਾਨਾਂਤਰ (ਪੈਰੇਲਲ) ਸਿਨੇਮਾ ਦਾ ਮੋਢੀ ਸੀ। ਉਹਦਾ ਜਨਮ 14 ਦਸੰਬਰ 1934 ਨੂੰ ਤਿਰੂਮਲਗਿਰੀ, ਸਿਕੰਦਰਾਬਾਦ (ਹੁਣ ਹੈਦਰਾਬਾਦ, ਆਂਧਰਪ੍ਰਦੇਸ਼) ਵਿੱਚ ਮਿਡਲ ਕਲਾਸ ਕੋਂਕਣੀ-ਭਾਸ਼ੀ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਉਹ ਪ੍ਰਸਿੱਧ ਐਕਟਰ ਤੇ ਫਿਲਮਸਾਜ਼ ਗੁਰੂਦੱਤ ਦਾ ਚਚੇਰਾ ਭਰਾ ਸੀ। ਸ਼ਿਆਮ ਦੇ ਪਿਤਾ ਸ਼੍ਰੀਧਰ ਬੀ. ਬੈਨੇਗਲ ਨੂੰ ਸਟਿਲ ਫੋਟੋਗਰਾਫ਼ੀ ਦਾ ਸ਼ੌਕ ਸੀ, ਜੋ ਮੂਲ ਤੌਰ ਤੇ ਕਰਨਾਟਕ ਦੇ ਰਹਿਣ ਵਾਲੇ ਸਨ। ਸ਼ਿਆਮ ਵੀ ਬੱਚਿਆਂ ਦੀਆਂ ਤਸਵੀਰਾਂ ਅਕਸਰ ਖਿੱਚਿਆ ਕਰਦਾ ਸੀ। ਜਦੋਂ ਉਹ 12 ਸਾਲ ਦਾ ਸੀ ਤਾਂ ਉਹਨੇ ਆਪਣੇ ਪਿਤਾ ਦੇ ਕੈਮਰੇ ਨਾਲ ਪਹਿਲੀ ਫਿਲਮ ਬਣਾਈ ਸੀ।

ਉਹਨੇ ਹੈਦਰਾਬਾਦ ਦੀ ਉਸਮਾਨੀਆ ਯੂਨੀਵਰਸਿਟੀ ਤੋਂ ਇਕਨਾਮਿਕਸ ਦੀ ਐਮਏ ਕੀਤੀ। ਇੱਥੇ ਹੀ ਉਹਨੇ ਹੈਦਰਾਬਾਦ ਫਿਲਮ ਸੋਸਾਇਟੀ ਦੀ ਨੀਂਹ ਰੱਖੀ, ਜੋ ਸਿਨੇਮਾ ਵਿੱਚ ਉਹਦੇ ਸ਼ਾਨਦਾਰ ਸਫਰ ਦੀ ਸ਼ੁਰੂਆਤ ਸੀ।

2009 ਵਿੱਚ ਬੀਬੀਸੀ ਨਾਲ ਇੱਕ ਇੰਟਰਵਿਊ ਵਿੱਚ ਸ਼ਿਆਮ ਨੇ ਦੱਸਿਆ ਸੀ – "ਮੈਂ ਉਦੋਂ 6-7 ਸਾਲ ਦਾ ਸਾਂ। ਅਸੀਂ ਸਿਕੰਦਰਾਬਾਦ ਫੌਜੀ ਛਾਉਣੀ ਵਿੱਚ ਰਹਿੰਦੇ ਸਾਂ। ਉੱਥੇ ਇੱਕ ਗੈਰੀਸਨ ਸਿਨੇਮਾ ਸੀ। ਮੈਂ ਜਦੋਂ ਉੱਥੇ ਪਹਿਲੀ ਵਾਰ ਫਿਲਮ ਵੇਖੀ ਤਾਂ ਇਸ ਤਰ੍ਹਾਂ ਹਿਪਨੋਟਾਈਜ਼ (ਸੰਮੋਹਿਤ) ਹੋ ਗਿਆ ਜਿਵੇਂ ਹੋਰ ਹੀ ਦੁਨੀਆਂ ਵਿੱਚ ਆ ਗਿਆ ਹੋਵਾਂ! ਇਹ ਸ਼ਾਇਦ ਕੋਈ ਅੰਗਰੇਜ਼ੀ ਫਿਲਮ 'ਕੈਟ ਪੀਪਲ' ਸੀ। ਇਹ ਇਹ 'ਹਾੱਰਰ ਮੂਵੀ' ਸੀ। ਆਡੀਓ-ਵੀਡੀਓ ਮਾਧਿਅਮ ਨਾਲ ਤੁਸੀਂ ਅਜਿਹਾ ਕੁਝ ਵੀ ਕਰ ਸਕਦੇ ਹੋ ਜੋ ਅਸਲੀ ਦੁਨੀਆਂ ਤੋਂ ਹਟ ਕੇ ਹੋਵੇ! ਫਿਲਮਾਂ ਦੀ ਇਸ ਖਾਸੀਅਤ ਨੇ ਮੈਨੂੰ ਕਾਫੀ ਆਕਰਸ਼ਿਤ ਕੀਤਾ ਸੀ... ਸਭ ਤੋਂ ਪਹਿਲਾਂ ਮੈਂ ਵਿਗਿਆਪਨ ਏਜੰਸੀ ਵਿੱਚ ਕੰਮ ਕੀਤਾ। ਬੰਬਈ ਆਉਣ ਪਿੱਛੋਂ ਮੈਂ ਕਾਪੀ ਐਡੀਟਰ ਵਜੋਂ ਕੰਮ ਕੀਤਾ। ਪਹਿਲੇ ਸਾਲ ਹੀ ਮੈਂ ਹਿੰਦੋਸਤਾਨ ਲੀਵਰ ਲਈ ਇੱਕ ਵਿਗਿਆਪਨ ਬਣਾਇਆ ਸੀ ਤੇ ਇਹਨੂੰ ਰਾਸ਼ਟਰਪਤੀ ਪੁਰਸਕਾਰ ਮਿਲਿਆ ਸੀ। ਛੇ ਮਹੀਨੇ ਪਿੱਛੋਂ ਹੀ ਮੈਂ ਵਿਗਿਆਪਨ ਫਿਲਮਾਂ ਬਣਾਉਣ ਲੱਗ ਪਿਆ ਅਤੇ 1000 ਤੋਂ ਵੱਧ ਵਿਗਿਆਪਨ ਫਿਲਮਾਂ ਬਣਾਈਆਂ। ਸਿੱਖਣ ਦੇ ਲਿਹਾਜ਼ ਨਾਲ ਇਹ ਮੇਰੇ ਲਈ ਬਹੁਤ ਚੰਗਾ ਰਿਹਾ... ਜਦੋਂ ਮੈਂ ਆਪਣੀ ਪਹਿਲੀ ਫੀਚਰ ਫਿਲਮ ਬਣਾਈ ਤਾਂ ਮੈਨੂੰ ਫਿਲਮ-ਨਿਰਮਾਣ ਦੇ ਸਾਰੇ ਪਹਿਲੂਆਂ ਦੀ ਜਾਣਕਾਰੀ ਸੀ...।"

1974 ਵਿੱਚ 'ਅੰਕੁਰ' ਫਿਲਮ ਤੋਂ ਬਤੌਰ ਨਿਰਦੇਸ਼ਕ ਆਪਣਾ ਸਫਰ ਸ਼ੁਰੂ ਕਰਨ ਵਾਲੇ ਬੈਨੇਗਲ ਨੇ 24 ਫਿਲਮਾਂ, 45 ਡਾਕੂਮੈਂਟਰੀਆਂ ਤੇ ਅਣਗਿਣਤ ਵਿਗਿਆਪਨ ਫਿਲਮਾਂ ਬਣਾਈਆਂ। ਉਹਨੇ ਨਿਸ਼ਾਂਤ (1975), ਮੰਥਨ (1976), ਭੂਮਿਕਾ (1977), ਕੋਂਦੂਰਾ (1978), ਜੁਨੂੰਨ (1978), ਕਲਯੁਗ (1981), ਆਰੋਹਨ (1982), ਮੰਡੀ (1983), ਤ੍ਰਿਕਾਲ (1985), ਅੰਤਰਨਾਦ (1991), ਸੂਰਜ ਕਾ ਸਾਤਵਾਂ ਘੋੜਾ (1993), ਮੰਮੋ (1994), ਸਰਦਾਰੀ ਬੇਗ਼ਮ (1996), ਸਮਰ (1999), ਹਰੀ ਭਰੀ (2000), ਜ਼ੁਬੈਦਾ (2001), ਵੈਲਕਮ ਟੂ ਸੱਜਨਪੁਰ (2008) ਆਦਿ ਫਿਲਮਾਂ ਲਈ ਸਫਲ ਨਿਰਦੇਸ਼ਨ ਦਿੱਤਾ। 'ਅੰਕੁਰ' ਵਿੱਚ ਉਹਨੇ ਆਂਧਰਪ੍ਰਦੇਸ਼ ਦੇ ਕਿਸਾਨਾਂ ਦਾ ਮੁੱਦਾ ਉਠਾਇਆ ਸੀ। 'ਮੰਥਨ' ਦੀ ਵਿਸ਼ੇਸ਼ਤਾ ਇਹ ਸੀ ਕਿ ਇਸਨੂੰ 5 ਲੱਖ ਕਿਸਾਨਾਂ ਨੇ ਮਿਲ ਕੇ ਫਾਈਨਾਂਸ ਕੀਤਾ ਸੀ। 'ਮੁਜੀਬ – ਦ ਮੇਕਿੰਗ ਆਫ਼ ਏ ਨੇਸ਼ਨ' ਉਹਦੀ ਆਖਰੀ ਫਿਲਮ ਸੀ, ਜਿਸਦੀ ਸ਼ੂਟਿੰਗ 2 ਸਾਲ ਚੱਲਦੀ ਰਹੀ। ਇਹ ਫਿਲਮ ਬੰਗਲਾਦੇਸ਼ ਨੇਤਾ ਮੁਜੀਬੁਰ ਰਹਿਮਾਨ ਦੀ ਜ਼ਿੰਦਗੀ ਤੇ ਆਧਾਰਿਤ ਸੀ। ਨੇਤਾ ਜੀ ਸੁਭਾਸ਼ ਚੰਦਰ ਬੋਸ : ਦ ਫਾੱਰਗੌਟਨ ਹੀਰੋ, ਜਵਾਹਰ ਲਾਲ ਨਹਿਰੂ ਅਤੇ ਸਤਿਆਜੀਤ ਰੇਅ ਆਦਿ ਤੇ ਡਾਕੂਮੈਂਟਰੀ ਬਣਾਉਣ ਤੋਂ ਇਲਾਵਾ ਬੈਨੇਗਲ ਨੇ ਲੜੀਵਾਰ ਯਾਤਰਾ, ਕਥਾ ਸਾਗਰ ਅਤੇ ਭਾਰਤ: ਏਕ ਖੋਜ ਆਦਿ ਦਾ ਨਿਰਦੇਸ਼ਨ ਵੀ ਕੀਤਾ।

ਬੈਨੇਗਲ ਨੂੰ 1976 ਵਿੱਚ ਪਦਮਸ਼੍ਰੀ ਅਤੇ 1991 ਵਿੱਚ ਪਦਮਭੂਸ਼ਣ ਸਨਮਾਨ ਪ੍ਰਾਪਤ ਹੋਏ। 2007 ਵਿੱਚ ਸਿਨੇਮਾ ਨੂੰ ਦਿੱਤੇ ਯੋਗਦਾਨ ਲਈ ਉਹਨੂੰ ਭਾਰਤੀ ਸਿਨੇਮਾ ਦਾ ਸਰਬਉੱਚ ਸਨਮਾਨ ਦਾਦਾ ਸਾਹਿਬ ਫਾਲਕੇ ਪੁਰਸਕਾਰ ਮਿਲਿਆ। ਸਰਬ ਸ੍ਰੇਸ਼ਟ ਹਿੰਦੀ ਫੀਚਰ ਫਿਲਮ ਲਈ 5 ਵਾਰ ਰਾਸ਼ਟਰੀ ਫਿਲਮ ਪੁਰਸਕਾਰ ਜਿੱਤਣ ਵਾਲਾ ਉਹ ਇਕਲੌਤਾ ਫਿਲਮ ਨਿਰਦੇਸ਼ਕ ਸੀ।

ਇਸੇ ਸਾਲ 14 ਦਸੰਬਰ 2024 ਨੂੰ ਬੈਨੇਗਲ ਨੇ ਫਿਲਮੀ ਕਲਾਕਾਰਾਂ – ਸ਼ਬਾਨਾ ਆਜ਼ਮੀ, ਨਸੀਰੁੱਦੀਨ ਸ਼ਾਹ, ਕੁਲਭੂਸ਼ਨ ਖਰਬੰਦਾ, ਦਿਵਿਆ ਦੱਤਾ, ਰਣਜੀਤ ਕਪੂਰ, ਅਤੁਲ ਤਿਵਾੜੀ, ਕੁਣਾਲ ਕਪੂਰ ਆਦਿ ਨਾਲ ਮਿਲ ਕੇ ਆਪਣਾ 90ਵਾਂ ਜਨਮਦਿਨ ਮਨਾਇਆ ਸੀ। ਉਹਨੇ ਭਾਰਤੀ ਸਿਨੇਮਾ ਨੂੰ ਨਸੀਰੁੱਦੀਨ ਸ਼ਾਹ, ਓਮ ਪੁਰੀ, ਅਮਰੀਸ਼ ਪੁਰੀ, ਅਨੰਤ ਨਾਗ, ਸ਼ਬਾਨਾ ਆਜ਼ਮੀ, ਸਮਿਤਾ ਪਾਟਿਲ ਜਿਹੇ ਬਿਹਤਰੀਨ ਕਲਾਕਾਰਾਂ ਦੇ ਨਾਲ ਨਾਲ ਗੋਵਿੰਦ ਨਿਹਲਾਨੀ ਜਿਹਾ ਸਿਨੇਮੇਟੋਗ੍ਰਾਫ਼ਰ ਵੀ ਪ੍ਰਦਾਨ ਕੀਤਾ।

ਉਹ ਯਥਾਰਥਵਾਦੀ ਅਤੇ ਮੁੱਦਾ-ਆਧਾਰਿਤ ਫਿਲਮ ਨਿਰਮਾਣ ਅੰਦੋਲਨ ਦਾ ਸੰਸਥਾਪਕ ਸੀ, ਜਿਸਨੂੰ ਵਿਭਿੰਨ ਨਾਵਾਂ ਨਿਊ ਇੰਡੀਅਨ ਸਿਨੇਮਾ, ਨਿਊ ਵੇਵ ਇੰਡੀਅਨ ਸਿਨੇਮਾ ਅਤੇ ਸਮਾਨਾਂਤਰ ਸਿਨੇਮਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਾਲੀਵੁੱਡ ਵਿੱਚ ਆਰਟ ਸਿਨੇਮਾ ਦਾ ਮੋਢੀ ਬੈਨੇਗਲ ਆਪਣੇ ਪਿੱਛੇ ਪਤਨੀ ਨੀਰਾ ਬੈਨੇਗਲ ਅਤੇ ਬੇਟੀ ਪੀਆ ਬੈਨੇਗਲ ਨੂੰ ਛੱਡ ਗਿਆ ਹੈ। ਭਾਰਤੀ ਸਿਨੇਮਾ ਦਾ ਇਹ ਦਿੱਗਜ ਨਿਰਦੇਸ਼ਕ ਆਪਣੀ ਵਿਲੱਖਣਤਾ ਲਈ ਚਿਰਕਾਲ ਤੱਕ ਯਾਦ ਰੱਖਿਆ ਜਾਵੇਗਾ।